بِسْمِ اللّٰهِ الرَّحْمٰنِ الرَّحِيْمِ　نَحْمَدُهٗ وَ نُصَلِّیْ عَلٰی رَسُوْلِهِ الْکَرِیْمِ　وَعَلٰی عَبْدِهِ الْمَسِیْحِ الْمَوْعُوْد
لَا اِلٰهَ اِلَّا اللّٰهُ مُحَمَّدٌ رَّسُوْلُ اللّٰهِ
دفتر مجلس انصاراللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA
Mob: +919682536974, E-Mail: ansarullah@qadian.in　ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਗ਼ਜ਼ਵਾ ਹੁਨੈਨ ਦੇ ਸੰਦਰਭ ਵਿੱਚ ਸੀਰਤਿ ਨਬਵੀ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਬਿਆਨ ਅਤੇ ਜਲਸਾ ਸਾਲਾਨਾ ਜਰਮਨੀ ਵਿੱਚ ਸ਼ਾਮਿਲ ਹੋਣ ਵਾਲਿਆਂ ਨੂੰ ਨਸੀਹਤਾਂ ਅਤੇ ਦੁਨਿਆ ਦੇ ਹਾਲਾਤਾਂ ਦੇ ਪੇਸ਼ਿ ਨਜ਼ਰ ਦੁਆਵਾਂ ਦੀ ਤਹਿਰੀਕ

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹਿਲ੍ ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍ ਰਿਹਿਲ੍ ਅਜ਼ੀਜ਼, 29 ਅਗਸਤ 2025 ਈ:, ਮਸਜਿਦ ਮੁਬਾਰਕ, ਇਸਲਾਮ ਆਬਾਦ, ਟਿਲਫ਼ੋਰਡ, ਯੂ.ਕੇ.

أَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ ۞ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ ۞ بِسْمِ اللّٰهِ الرَّحْمٰنِ الرَّحِيْمِ ۞ اَلْحَمْدُ لِلّٰهِ رَبِّ الْعٰلَمِيْنَ ۞ اَلرَّحْمٰنِ الرَّحِيْمِ ۞ مٰلِكِ يَوْمِ الدِّيْنِ ۞ إِيَّاكَ نَعْبُدُ وَإِيَّاكَ نَسْتَعِيْنُ ۞ اِهْدِنَا الصِّرَاطَ الْمُسْتَقِيْمَ ۞ صِرَاطَ الَّذِيْنَ أَنْعَمْتَ عَلَيْهِمْ ۙ غَيْرِ الْمَغْضُوْبِ عَلَيْهِمْ وَلَا الضَّآلِّيْنَ ۞

**ਤਸ਼ੱਹੁਦ**, **ਤਅੱਵੁਜ਼** ਅਤੇ **ਸੂਰਤ ਫ਼ਾਤਿਹਾ** ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍ ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ **ਜੰਗਿ ਹੁਨੈਨ** ਦੇ ਬਾਰੇ ਮੈਂ ਅੱਜ ਕੁੱਝ ਹੋਰ ਤਫ਼ਸੀਲ ਬਿਆਨ ਕਰਾਂਗਾ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਮੱਕੇ ਤੋਂ ਰਵਾਨਾ ਹੋਣ ਵੇਲੇ ਹਜ਼ਰਤ ਅੱਤਾਬ ਬਿਨ ਉਸੈਦ ਰਜ਼ਿ ਅੱਲਾਹੁ ਅਨਹੁ ਨੂੰ ਸਰਦਾਰ ਮੁਕ਼ੱਰਰ ਕੀਤਾ। ਇਹ ਮੱਕੇ ਦੇ ਪਹਿਲੇ ਸਰਦਾਰ ਸਨ ਜਿਹੜੇ ਮੁਕ਼ੱਰਰ ਕੀਤੇ ਗਏ। ਉਸ ਵੇਲੇ ਹਜ਼ਰਤ ਅੱਤਾਬ ਦੀ ਉਮਰ ਤਕ਼ਰੀਬਨ 20 ਸਾਲ ਸੀ। ਹਜ਼ਰਤ ਮਆਜ਼ ਬਿਨ ਜਬਲ ਰਜ਼ਿ ਅੱਲਾਹੁ ਅਨਹੁ ਨੂੰ ਮੱਕੇ ਦੇ ਵਸਨੀਕਾਂ ਨੂੰ ਦੀਨ ਦੀ ਸਿੱਖਿਆ ਦੇਣ ਦੀ **ਜ਼ਿੰਮੇਦਾਰੀ** ਸੌਂਪੀ ਗਈ। ਹਜ਼ਰਤ ਅੱਤਾਬ ਬਿਨ ਉਸੈਦ ਰਜ਼ਿ ਅੱਲਾਹੁ ਅਨਹੁ ਅਤੇ ਉਨ੍ਹਾਂ ਦੇ ਵਾਲਿਦ ਕ਼ੁਰੈਸ਼ ਖ਼ਾਨਦਾਨ ਦੇ ਉੱਘੇ ਵਿਅਕਤੀ ਸਨ ਅਤੇ ਇਸਲਾਮ ਦੇ ਸਖ਼ਤ **ਮੁਖ਼ਾਲਿਫ਼** ਸਨ। ਆਪ ਰਜ਼ਿ ਅੱਲਾਹੁ ਅਨਹੁ ਦੀ ਇਸਲਾਮ ਦੁਸ਼ਮਣੀ ਦਾ ਇਹ ਆਲਮ ਸੀ ਕਿ ਫ਼ਤਿਹ ਮੱਕਾ ਦੇ ਦਿਨ ਜਦ ਹਜ਼ਰਤ ਬਿਲਾਲ ਰਜ਼ਿ ਅੱਲਾਹੁ ਅਨਹੁ ਨੇ **ਅਜ਼ਾਨ** ਦਿੱਤੀ ਤਾਂ ਆਪ ਰਜ਼ਿ ਅੱਲਾਹੁ ਅਨਹੁ ਨੇ ਆਪਣੇ ਸਾਥੀਆਂ ਨੂੰ ਕਿਹਾ, ਸ਼ੁਕਰ ਹੈ ਮੇਰਾ ਬਾਪ ਇਹ ਅਜ਼ਾਨ ਸੁਣਨ ਤੋਂ ਪਹਿਲਾਂ ਹੀ ਦੁਨਿਆ ਤੋਂ ਚਲਾ ਗਿਆ। ਅੱਤਾਬ ਨੇ ਉਸਦੇ ਬਾਅਦ ਫ਼ਤਿਹ ਮੱਕਾ ਦੇ ਦਿਨ ਇਸਲਾਮ **ਕ਼ਬੂਲ** ਕਰ ਲਿਆ ਸੀ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਹਜ਼ਰਤ ਅੱਤਾਬ ਰਜ਼ਿ ਅੱਲਾਹੁ ਅਨਹੁ ਨੂੰ ਮੱਕੇ ਦਾ ਆਮਿਲ ਮੁਕ਼ੱਰਰ ਕੀਤਾ ਅਤੇ ਇਰਸ਼ਾਦ ਫ਼ਰਮਾਇਆ ਕਿ ਅੱਤਾਬ! ਮੈਂ ਤੈਨੂੰ **ਐਹਲੁੱਲਾਹ** ਯਾਨੀ ਅੱਲਾਹ ਦੇ ਘਰ ਵਾਲਿਆਂ 'ਤੇ **ਆਮਿਲ** ਮੁਕ਼ੱਰਰ ਕੀਤਾ ਹੈ। ਉਨ੍ਹਾਂ ਨਾਲ ਨਰਮੀ ਦਾ **ਮੁਆਮਲਾ** ਕਰਨਾ। ਹਜ਼ਰਤ ਅੱਤਾਬ ਰਜ਼ਿ ਅੱਲਾਹੁ ਅਨਹੁ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਵਫ਼ਾਤ ਤੱਕ ਮੱਕੇ ਦੇ **ਆਮਿਲ** ਰਹੇ ਅਤੇ ਇੱਕ ਰਿਵਾਇਤ ਦੇ ਮੁਤਾਬਿਕ਼ ਆਪ ਰਜ਼ਿ ਅੱਲਾਹੁ ਅਨਹੁ ਹਜ਼ਰਤ ਅਬੂ ਬਕਰ ਰਜ਼ਿ ਅੱਲਾਹੁ ਅਨਹੁ ਦੇ ਦੌਰ ਵਿੱਚ ਵੀ ਮੱਕੇ ਦੇ ਆਮਿਲ ਰਹੇ।

ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਗ਼ਜ਼ਵਾ ਹੁਨੈਨ ਦੇ ਲਈ 6 ਸ਼ੱਵਾਲ ਨੂੰ ਹਫ਼ਤੇ ਦੇ ਦਿਨ ਰਵਾਨਾ ਹੋਏ ਅਤੇ 10 ਸ਼ੱਵਾਲ ਨੂੰ ਹੁਨੈਨ ਪਹੁੰਚੇ। **ਅਜ਼ਵਾਜਿ ਮੁਤੱਹਰਾਤ** ਵਿੱਚੋਂ ਇਸ ਸਫ਼ਰ ਵਿੱਚ ਹਜ਼ਰਤ ਉੱਮਿ ਸਲਮਾ ਰਜ਼ਿ ਅੱਲਾਹੁ ਅਨਹਾ ਅਤੇ ਹਜ਼ਰਤ ਜ਼ੈਨਬ ਰਜ਼ਿ ਅੱਲਾਹੁ ਅਨਹਾ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਨਾਲ ਸਨ। ਗ਼ਜ਼ਵਾ ਹੁਨੈਨ ਵਿੱਚ **ਸਿਪਾਹੀਆਂ** ਅਤੇ **ਹਥਿਆਰਾਂ** ਦੋਹਾਂ ਐਤਬਾਰ ਨਾਲ ਮੁਸਲਮਾਨਾਂ ਦੀ ਤਾਅਦਾਦ ਭਾਵੇਂ ਕਿ **ਮੁਖ਼ਾਲਿਫ਼** ਫ਼ੌਜ ਦੇ ਮੁਕ਼ਾਬਲੇ ਤੇ ਘੱਟ ਸੀ ਪਰ ਹੁਣ ਤੱਕ ਦੀਆਂ ਸਾਰੀਆਂ ਪੁਰਾਣੀਆਂ ਜੰਗਾਂ ਦੀ ਨਿਸਬਤ ਇਹ ਤਾਅਦਾਦ ਜ਼ਿਆਦਾ ਸੀ। ਆਇੱਮਾ ਮਗ਼ਾਜ਼ੀ ਨੇ ਲਿਖਿਆ ਹੈ ਕਿ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ 12 ਹਜ਼ਾਰ ਦੀ

ਫ਼ੌਜ ਦੇ ਨਾਲ ਰਵਾਨਾ ਹੋਏ ਸਨ। 10 ਹਜ਼ਾਰ ਤਾਂ ਉਹ ਜਿਹੜੇ **ਫ਼ਤਿਹ ਮੱਕਾ** ਦੇ ਲਈ ਮਦੀਨੇ ਤੋਂ ਆਏ ਸਨ ਜਦਕਿ ਮੱਕੇ ਦੇ ਵਸਨੀਕਾਂ ਵਿੱਚੋਂ 2 ਹਜ਼ਾਰ ਲੋਕ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਨਾਲ ਇਸ ਜੰਗ ਦੇ ਲਈ ਰਵਾਨਾ ਹੋਏ।

ਹਜ਼ਰਤ ਸਹਲ ਰਜ਼ਿ ਅੱਲਾਹੁ ਅਨਹੁ ਬਿਆਨ ਕਰਦੇ ਹਨ ਕਿ ਉਹ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਨਾਲ ਹੁਨੈਨ ਦੇ **ਸਫ਼ਰ** ਵਿੱਚ ਚੱਲ ਰਹੇ ਸਨ, ਉਨ੍ਹਾਂ ਨੇ ਬਹੁਤ ਲੰਮਾ ਸਫ਼ਰ ਕੀਤਾ, ਇਥੋਂ ਤੱਕ ਕਿ ਸ਼ਾਮ ਹੋ ਗਈ। ਮੈਂ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਨਾਲ **ਨਮਾਜ਼** ਵਿੱਚ ਸ਼ਾਮਿਲ ਹੋਇਆ, ਇੰਨੀ ਦੇਰ ਵਿੱਚ ਇੱਕ ਸਵਾਰ ਆਇਆ ਅਤੇ ਉਸਨੇ ਕਿਹਾ ਕਿ ਯਾ ਰਸੂਲੁੱਲਾਹ! ਮੈਂ ਆਪ ਲੋਕਾਂ ਦੇ ਅੱਗੇ ਅੱਗੇ ਗਿਆ ਅਤੇ ਮੈਂ ਦੇਖਿਆ ਕਿ ਹਵਾਜ਼ਨ ਦੇ ਲੋਕ ਆਪਣੀਆਂ **ਔਰਤਾਂ** ਅਤੇ **ਜਾਨਵਰਾਂ** ਦੇ ਨਾਲ ਜਮ੍ਹਾ ਹੋਏ ਹਨ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਇਹ ਸੁਣ ਕੇ **ਮੁਸਕਰਾਏ** ਅਤੇ **ਫ਼ਰਮਾਇਆ** ਕਿ ਕੱਲ ਇੰਨਸ਼ਾ ਅੱਲਾਹ ਇਹ ਮੁਸਲਮਾਨਾਂ ਦਾ **ਮਾਲਿ ਗ਼ਨੀਮਤ** ਹੋਵੇਗਾ। ਫਿਰ ਫ਼ਰਮਾਇਆ ਕਿ ਅੱਜ ਰਾਤ ਨੂੰ ਕੌਣ ਸਾਡਾ ਪਹਿਰਾ ਦੇਵੇਗਾ? ਹਜ਼ਰਤ ਅਨਸ ਬਿਨ ਅਬੀ ਮੁਰਸਲ ਰਜ਼ਿ ਅੱਲਾਹੁ ਅਨਹੁ ਨੇ ਕਿਹਾ ਕਿ ਮੈਂ ਪਹਿਰਾ ਦਵਾਂਗਾ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਨ੍ਹਾਂ ਨੂੰ ਫ਼ਰਮਾਇਆ ਕਿ ਇਸ **ਘਾਟੀ** ਵਿੱਚ ਜਾਓ ਅਤੇ ਇਹ ਨਾ ਹੋਵੇ ਕਿ ਅਸੀਂ ਤੁਹਾਡੀ ਵਜ੍ਹਾ ਤੋਂ ਧੋਖਾ ਖਾਈਏ, ਯਾਨੀ **ਚੌਕਸ** ਹੋਕਰ ਪਹਿਰਾ ਦੇਣਾ। ਜਦ ਸਵੇਰ ਹੋਈ ਤਾਂ ਆਂਹਜ਼ੂਰ ਸੱਲ-ਲੱਲਾਹੁ ਅਲੈਹਿ-ਵਸੱਲਮ ਆਪਣੀ ਨਮਾਜ਼ ਦੇ ਲਈ ਨਿਕਲੇ। ਨਮਾਜ਼ ਦੇ ਬਾਅਦ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਤੁਹਾਨੂੰ **ਮੁਬਾਰਕ** ਹੋਵੇ ਕਿ ਤੁਹਾਡਾ ਸਵਾਰ ਆ ਗਿਆ ਹੈ। ਫਿਰ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਹਜ਼ਰਤ ਅਨਸ ਬਿਨ ਅਬੀ ਮੁਰਸਲ ਰਜ਼ਿ ਅੱਲਾਹੁ ਅਨਹੁ ਨੂੰ ਫ਼ਰਮਾਇਆ ਕਿ ਤੁਹਾਡੇ ਲਈ **ਜੰਨਤ** ਵਾਜਿਬ ਹੋ ਗਈ।

ਮਾਲਿਕ ਬਿਨ ਔਫ਼ ਨੇ ਤਿੰਨ **ਜਾਸੂਸਾਂ** ਨੂੰ ਮੁਸਲਮਾਨਾਂ ਦੀ ਫ਼ੌਜ ਵਿੱਚ ਭੇਜਿਆ ਸੀ। ਪਰ ਇਹ ਤਿੰਨੇ ਜਦ ਵਾਪਿਸ ਆਏ ਤਾਂ ਇਨ੍ਹਾਂ ਦੇ **ਹੋਸ਼** ਉੱਡੇ ਹੋਏ ਸਨ। ਉਨ੍ਹਾਂ ਨੇ ਕਿਹਾ ਕਿ ਅਸੀਂ ਘੋੜਿਆਂ 'ਤੇ ਚਿੱਟੇ ਆਦਮੀਆਂ ਨੂੰ ਦੇਖਿਆ ਹੈ, ਜੇਕਰ ਜੰਗ ਹੋ ਗਈ ਤਾਂ ਅਸੀਂ ਉਨ੍ਹਾਂ ਲੋਕਾਂ ਤੇ **ਕ਼ਾਬੂ** ਨਹੀਂ ਪਾ ਸਕਾਂਗੇ। ਅਸੀਂ ਜ਼ਮੀਨ ਵਾਲਿਆਂ 'ਤੇ **ਕ਼ਾਬੂ** ਨਹੀਂ ਪਾ ਸਕਦੇ ਤਾਂ ਅਸੀਂ ਆਸਮਾਨ ਵਾਲਿਆਂ ਨਾਲ ਕਿਵੇਂ ਜੰਗ ਕਰਾਂਗੇ। ਜੇਕਰ ਸਾਡੀ ਗੱਲ ਮੰਨੋ ਤਾਂ ਵਾਪਿਸ ਚਲੇ ਜਾਓ। ਮਾਲਿਕ ਬਿਨ ਔਫ਼ ਨੇ ਉਨ੍ਹਾਂ ਨੂੰ ਬੁਰਾ ਭਲਾ ਕਿਹਾ ਅਤੇ ਇੱਕ **ਬਹਾਦੁਰ** ਆਦਮੀ ਨੂੰ ਭੇਜਿਆ, ਉਹ ਵੀ ਛੇਤੀ ਵਾਪਿਸ ਆ ਗਿਆ ਅਤੇ ਉਹ ਵੀ **ਡਰਿਆ** ਹੋਇਆ ਸੀ। ਉਸ ਨੇ ਵੀ ਇਹੀ ਕਿਹਾ ਕਿ **ਬਿਹਤਰ** ਇਹੀ ਹੈ ਕਿ ਅਸੀਂ ਵਾਪਿਸ ਚਲੇ ਜਾਈਏ ਪਰ ਮਾਲਿਕ ਬਿਨ ਔਫ਼ ਨੇ ਇਹ ਗੱਲ ਨਾ ਮੰਨੀ।

ਹਜ਼ਰਤ ਸਲਮਾ ਬਿਨ ਅਕਵਾ ਰਜ਼ਿ ਅੱਲਾਹੁ ਅਨਹੁ ਬਿਆਨ ਕਰਦੇ ਹਨ ਕਿ ਅਸੀਂ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਨਾਲ ਹਵਾਜ਼ਨ 'ਤੇ **ਹਮਲਾਵਰ** ਹੋਏ ਤਾਂ ਇੱਕ ਆਦਮੀ ਆਇਆ ਅਤੇ ਬੈਠ ਗਿਆ ਅਤੇ ਲੋਕਾਂ ਨਾਲ ਗੱਲਾਂ ਕਰਨ ਲੱਗਾ, ਫਿਰ ਉਹ ਤੇਜ਼ੀ ਨਾਲ ਊਠ 'ਤੇ ਸਵਾਰ ਹੋ ਕੇ ਭੱਜਣ ਲੱਗਾ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਸਨੂੰ ਦੇਖਿਆ ਤਾਂ ਫ਼ਰਮਾਇਆ ਕਿ ਇਹ **ਜਾਸੂਸ** ਹੈ ਅਤੇ ਇਸ ਨੂੰ ਫੜੋ ਅਤੇ **ਕ਼ਤਲ** ਕਰ ਦਿਓ। ਚੁਨਾਂਚਿ ਉਸ ਨੂੰ ਫੜ ਕੇ **ਕ਼ਤਲ** ਕਰ ਦਿੱਤਾ ਗਿਆ।

ਵਾਦਿਏ ਹੁਨੈਨ ਅਜਿਹੀ ਹੈ ਜਿਸ ਵਿੱਚ ਬਹੁਤ ਸਾਰੀਆਂ ਘਾਟੀਆਂ ਹਨ। ਚੁਨਾਂਚਿ ਮਾਲਿਕ ਬਿਨ ਔਫ਼ ਨੇ ਆਪਣੇ ਫ਼ੌਜੀਆਂ ਨੂੰ ਘਾਟੀਆਂ ਵਿੱਚ ਘਾਤ ਲਾ ਕੇ ਬਿਠਾ ਦਿੱਤਾ ਤਾਂ ਜੋ ਉਹ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਅਤੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ **ਅਸਹਾਬ** 'ਤੇ ਅਚਾਨਕ **ਹਮਲਾ** ਕਰ ਦੇਣ।

ਕਾਫ਼ਿਰਾਂ ਦੀ **ਸਫ਼ਬੰਦੀ** ਇਹ ਸੀ ਕਿ ਸਭ ਤੋਂ ਅੱਗੇ ਘੋੜ ਸਵਾਰ, ਉਨ੍ਹਾਂ ਦੇ ਪਿੱਛੇ ਪੈਦਲ ਫ਼ੌਜੀ, ਫਿਰ ਊਠਾਂ 'ਤੇ **ਔਰਤਾਂ** ਅਤੇ **ਬੱਚੇ** ਅਤੇ ਫਿਰ **ਮਾਲ ਡੰਗਰ**।

ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਬਨੂ ਸੁਲੈਮ ਦਾ ਇੱਕ ਹਜ਼ਾਰ ਦਾ ਘੋੜ ਸਵਾਰ ਦਸਤਾ ਫ਼ੌਜ ਦੇ ਹਰ ਅੱਵਲ ਵਿੱਚ ਰੱਖਿਆ ਅਤੇ ਉਸ ਦੀ ਅਗਵਾਈ ਹਜ਼ਰਤ ਖ਼ਾਲਿਦ ਬਿਨ ਵਲੀਦ ਰਜ਼ਿ ਅੱਲਾਹੁ ਅਨਹੁ ਦੇ ਸਪੁਰਦ ਕੀਤੀ। ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਫ਼ੌਜ ਦੇ **ਦਰਮਿਆਨ** ਸਨ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ **ਅਨਸਾਰ** ਅਤੇ **ਮੁਹਾਜਿਰਾਂ** ਵਿੱਚ ਵੱਡੇ **ਝੰਡੇ** ਵੰਡੇ। ਮੁਹਾਜਿਰਾਂ ਦਾ ਇੱਕ ਝੰਡਾ ਹਜ਼ਰਤ ਅਲੀ ਰਜ਼ਿ ਅੱਲਾਹੁ ਅਨਹੁ ਦੇ

ਸਪੁਰਦ ਕੀਤਾ ਅਤੇ ਇੱਕ **ਝੰਡਾ** ਹਜ਼ਰਤ ਸਾਅਦ ਬਿਨ ਅਬੀ ਵਕ਼ਾਸ ਰਜ਼ਿ ਅੱਲਾਹੁ ਅਨਹੁ ਦੇ ਸਪੁਰਦ ਕੀਤਾ। ਇੱਕ ਝੰਡਾ ਹਜ਼ਰਤ ਉਮਰ ਰਜ਼ਿ ਅੱਲਾਹੁ ਅਨਹੁ ਦੇ ਸਪੁਰਦ ਕੀਤਾ। ਬਨੂ ਖ਼ਜ਼ਰਜ ਦਾ ਝੰਡਾ ਹਜ਼ਰਤ ਹੱਬਾਬ ਬਿਨ ਮੰਜ਼ਰ ਰਜ਼ਿ ਅੱਲਾਹੁ ਅਨਹੁ ਅਤੇ ਔਸ ਦਾ ਝੰਡਾ ਉਸੈਦ ਬਿਨ ਹੁਜ਼ੈਰ ਰਜ਼ਿ ਅੱਲਾਹੁ ਅਨਹੁ ਦੇ ਸਪੁਰਦ ਕੀਤਾ। ਹੁਨੈਨ ਦੇ **ਮਾਅਰਕੇ** ਵਿੱਚ ਸ਼ੁਰੂਆਤੀ ਫ਼ਤਿਹ ਮੁਸਲਮਾਨਾਂ ਨੂੰ ਹੋਈ ਪਰ ਫਿਰ ਕਾਫ਼ਿਰਾਂ ਦੇ ਅਚਾਨਕ **ਹਮਲੇ** ਨਾਲ਼ ਮੁਸਲਮਾਨਾਂ ਵਿੱਚ **ਭਗਦੜ** ਮੱਚ ਗਈ ਅਤੇ ਮੁਸਲਮਾਨਾਂ ਨੂੰ **ਆਰਜ਼ੀ** ਹਾਰ ਹੋਈ। ਫਿਰ ਵੀ ਉਸ ਦੇ ਬਾਅਦ ਮੁਸਲਮਾਨਾਂ ਨੂੰ ਜ਼ਬਰਦਸਤ ਫ਼ਤਿਹ ਹਾਸਿਲ ਹੋਈ। ਬੁਖ਼ਾਰੀ ਸ਼ਰੀਫ ਦੀ ਰਿਵਾਇਤ ਦੇ ਮੁਤਾਬਿਕ਼ ਹਜ਼ਰਤ ਬਰਾਅ ਬਿਨ ਆਜ਼ਿਬ ਰਜ਼ਿ ਅੱਲਾਹੁ ਅਨਹੁ ਬਿਆਨ ਕਰਦੇ ਹਨ ਕਿ ਅਸੀਂ ਬਨੂ ਹਵਾਜ਼ਨ 'ਤੇ ਹਮਲਾ ਕੀਤਾ ਤਾਂ ਉਹ **ਸ਼ਿਕਸਤ** ਖਾ ਕੇ ਪਿੱਛੇ ਹੋ ਗਏ ਅਤੇ ਅਸੀਂ **ਮਾਲਿ ਗ਼ਨੀਮਤ** ਇਕੱਠਾ ਕਰਨ ਲੱਗੇ, ਇਹ ਦੇਖ ਕੇ ਉਨ੍ਹਾਂ ਨੇ ਸਾਡੇ 'ਤੇ ਤੀਰਾਂ ਦੀ **ਬੁਛਾੜ** ਕਰ ਦਿੱਤੀ। ਇਸ ਦੀ ਵਜ੍ਹਾ ਨਾਲ਼ ਉਹ ਨੌਜਵਾਨ ਜਿਨ੍ਹਾਂ ਦੇ ਕੋਲ਼ **ਬਚਾਅ** ਦਾ ਕੋਈ ਸਮਾਨ ਨਹੀਂ ਸੀ ਪਿੱਠ ਫੇਰ ਕੇ ਭੱਜੇ, ਪਰ ਜਿੱਥੋਂ ਤੱਕ ਰਸੂਲਿ ਅਕਰਮ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਗੱਲ ਹੈ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਉਸ ਵੇਲੇ਼ ਵੀ **ਮੈਦਾਨ** ਵਿੱਚ ਡਟੇ ਰਹੇ, ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਚਿੱਟੇ **ਖ਼ੱਚਰ** 'ਤੇ ਸਵਾਰ ਸਨ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀਆਂ ਸਾਰੀਆਂ ਜੰਗਾਂ ਵਿੱਚ **ਕ਼ਾਬਿਲਿ ਜ਼ਿਕਰ** ਗੱਲ ਇਹ ਹੈ ਕਿ ਉਨ੍ਹਾਂ ਸਭ ਜੰਗਾਂ ਵਿੱਚ **ਸੂਰਤਿ ਹਾਲ** ਕੈਸੀ ਵੀ ਰਹੀ ਹੋਵੇ, ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਵਰਗੀ **ਜੁੱਰਤ** ਅਤੇ **ਬਹਾਦੁਰੀ** ਦੀ ਮਿਸਾਲ ਨਹੀਂ ਮਿਲ਼ਦੀ। ਜਿਸ ਵੇਲੇ਼ ਬੜੇ ਬੜੇ ਬਹਾਦੁਰਾਂ ਦੇ ਵੀ ਪੈਰ **ਉੱਖੜ** ਜਾਂਦੇ ਹਨ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਉਨ੍ਹਾਂ ਮੌਕ਼ਿਆਂ 'ਤੇ **ਚੱਟਾਨ** ਦੀ ਤਰ੍ਹਾਂ ਡਟੇ ਨਜ਼ਰ ਆਉਂਦੇ ਹਨ।

ਹਜ਼ਰਤ ਮੁਸਲਿਹ ਮੌਊਦ ਰਜ਼ਿ ਅੱਲਾਹੁ ਅਨਹੁ ਹੁਨੈਨ ਦੇ ਦਿਨ ਤੀਰ ਖਾ ਕੇ ਵਾਪਿਸ ਮੁੜਨ ਦੇ ਵਾਕ਼ੇ ਦਾ ਜ਼ਿਕਰ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਗ਼ਜ਼ਵਾ ਹੁਨੈਨ ਵਿੱਚ ਜਦ ਮੁਸਲਮਾਨਾਂ ਦਾ ਲਸ਼ਕਰ ਪਿੱਛੇ ਹਟਿਆ, ਜਿਵੇਂ ਕਿ ਦੁਸ਼ਮਣ ਦੇ ਤੀਰਾਂ ਦੇ ਹਮਲੇ ਨੇ ਸ਼ਿੱਦਤ ਇਖ਼ਤਿਆਰ ਕਰ ਲਈ ਸੀ, ਤਾਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਸਿਰਫ਼ ਕੁੱਝ ਸਹਾਬਾ ਨੂੰ ਨਾਲ਼ ਲੈ ਕੇ ਦੁਸ਼ਮਣ ਦੇ ਵੱਲ ਅੱਗੇ ਵਧੇ। ਹਜ਼ਰਤ ਅਬੂ ਬਕਰ ਰਜ਼ਿ ਅੱਲਾਹੁ ਅਨਹੁ ਨੇ ਇਹ ਦੇਖ ਕੇ ਕਿ ਦੁਸ਼ਮਣ ਦਾ ਹਮਲਾ ਸ਼ਦੀਦ ਹੈ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਰੋਕਣਾ ਚਾਹਿਆ ਅਤੇ ਅੱਗੇ ਵੱਧ ਕੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਘੋੜੇ ਦੀ ਵਾਗ ਫੜ ਲਈ ਪਰ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਛੱਡ ਦਿਓ ਮੇਰੇ ਘੋੜੇ ਦੀ ਵਾਗ ਨੂੰ, ਉਸਦੇ ਬਾਅਦ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਇਹ ਸ਼ਿਅਰ ਪੜ੍ਹਦੇ ਹੋਏ ਅੱਗੇ ਵਧੇ:

أَنَا النَّبِيُّ لَا كَذِبْ ۞ أَنَا ابْنُ عَبْدِ الْمُطَّلِبْ

ਯਾਨੀ ਮੈਂ **ਖ਼ੁਦਾ** ਦਾ **ਨਬੀ** ਹਾਂ ਅਤੇ ਝੂਠਾ ਨਹੀਂ ਹਾਂ, ਅਤੇ ਮੈਂ ਅਬਦੁਲ ਮੁੱਤਲਿਬ ਦਾ **ਬੇਟਾ** ਹਾਂ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਇਹ ਫ਼ਰਮਾਉਣਾ ਕਿ ਮੈਂ ਅਬਦੁਲ ਮੁੱਤਲਿਬ ਦਾ ਬੇਟਾ ਹਾਂ ਇਸ ਦਾ ਮਤਲਬ ਇਹ ਸੀ ਕਿ ਇਸ ਵੇਲੇ਼ ਦੁਸ਼ਮਣ ਦਾ ਹਮਲਾ ਇਸ ਕ਼ਦਰ **ਸ਼ਦੀਦ** ਹੈ ਕਿ ਦੁਸ਼ਮਣ ਦੇ ਚਾਰ ਹਜ਼ਾਰ **ਤੀਰ ਅੰਦਾਜ਼** ਤੀਰਾਂ ਦਾ **ਮੀਂਹ** ਬਰਸਾ ਰਹੇ ਹਨ। ਇਸ ਹਾਲਤ ਵਿੱਚ ਮੇਰਾ ਅੱਗੇ ਵਧਣਾ ਇਨਸਾਨੀਅਤ ਦੀ ਸ਼ਾਨ ਤੋਂ ਬਹੁਤ ਬੁਲੰਦ ਅਤੇ ਉੱਚਾ ਨਜ਼ਰ ਆਉਂਦਾ ਹੈ, ਇਸ ਨਾਲ਼ ਕੋਈ ਧੋਖਾ ਨਾ ਖਾਵੇ ਅਤੇ ਇਹ ਨਾ ਸਮਝੇ ਕਿ ਮੇਰੇ ਵਿੱਚ ਕੋਈ **ਖ਼ੁਦਾਈ** ਤਾਕ਼ਤ ਹੈ। ਮੈਂ ਤਾਂ ਅਬਦੁਲ ਮੁੱਤਲਿਬ ਦਾ **ਬੇਟਾ** ਹੀ ਹਾਂ ਅਤੇ ਇੱਕ ਇਨਸਾਨ ਹਾਂ, ਸਿਰਫ਼ ਅੱਲਾਹ ਤਆਲਾ ਦੀ ਮਦਦ ਮੇਰੇ ਨਬੀ ਹੋਣ ਦੀ ਵਜ੍ਹਾ ਨਾਲ਼ ਮੇਰੇ ਨਾਲ਼ ਹੈ।

ਜਦ ਮੁਸਲਮਾਨਾਂ ਦੀ ਫ਼ੌਜ ਵਿੱਚ ਭਗਦੜ ਮੱਚ ਗਈ ਤਾਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਕੋਲ਼ ਕੁੱਝ ਲੋਕ ਮੌਜੂਦ ਰਹਿ ਗਏ ਸਨ ਜਿਨ੍ਹਾਂ ਦੀ ਤਾਅਦਾਦ ਚਾਰ ਤੋਂ ਲੈ ਕੇ ਤਿੰਨ ਸੌ ਤੱਕ ਬਿਆਨ ਕੀਤੀ ਜਾਂਦੀ ਹੈ। ਰਿਵਾਇਤਾਂ ਵਿੱਚ ਜ਼ਿਕਰ ਆਉਂਦਾ ਹੈ ਕਿ **ਹੁਨੈਨ** ਦੇ ਮੌਕ਼ੇ ਤੇ ਸਭ ਲੋਕ ਨਹੀਂ ਭੱਜੇ ਸਨ ਬਲਕਿ ਮੱਕੇ ਦੇ ਲੋਕਾਂ ਵਿੱਚੋਂ ਜਿਹੜੇ **ਮੁਨਾਫ਼ਿਕ** ਲੋਕ ਸਨ ਅਤੇ ਮੱਕੇ ਦੇ ਦੂਸਰੇ ਲੋਕ ਜਿਹੜੇ ਇਸ ਜੰਗ ਵਿੱਚ **ਸ਼ਰੀਕ** ਹੋ ਗਏ ਸਨ ਅਤੇ ਅਜੇ ਤੱਕ ਮੁਸਲਮਾਨ ਨਹੀਂ ਹੋਏ ਸਨ, ਉਨ੍ਹਾਂ ਨੇ ਭੱਜਣਾ ਸ਼ੁਰੂ ਕਰ ਦਿੱਤਾ ਸੀ ਅਤੇ ਇਹ ਅਚਾਨਕ ਹਾਰ ਇਸ ਵਜ੍ਹਾ ਨਾਲ਼ ਹੋਈ ਕਿਉਂਕਿ ਦੁਸ਼ਮਣਾਂ ਨੇ ਇੱਕ

ਸਾਰ ਤੀਰਾਂ ਦੀ **ਬੁਛਾੜ** ਸ਼ੁਰੂ ਕਰ ਦਿੱਤੀ ਸੀ। ਬਹਰ ਹਾਲ ਇਸ ਦੀਆਂ ਹੋਰ ਤਫ਼ਸੀਲਾਂ ਵੀ ਹਨ ਇਨਸ਼ਾ ਅੱਲਾਹ ਅਇੰਦਾ ਬਿਆਨ ਹੋਣਗੀਆਂ।

ਆਖ਼ਿਰ 'ਤੇ ਹਜ਼ੂਰ ਅਨਵਰ ਨੇ ਜਲਸਾ ਸਲਾਨਾ ਜਰਮਨੀ ਦੇ ਹਵਾਲੇ ਨਾਲ਼ ਨਸੀਹਤਾਂ ਕੀਤੀਆਂ ਕਿ ਅੱਲਾਹ ਤਆਲਾ ਉਨ੍ਹਾਂ ਨੂੰ ਜਲਸੇ ਦੇ **ਮਕ਼ਸਦਾਂ** ਨੂੰ ਪੂਰਾ ਕਰਨ ਦੀ ਤੌਫ਼ੀਕ਼ ਦੇਵੇ, ਆਪਣੀ **ਇਲਮੀ**, **ਅਮਲੀ** ਅਤੇ **ਰੂਹਾਨੀ** ਤਰੱਕ਼ੀ ਵਿੱਚ ਲਗਾਤਾਰ ਵਧਦੇ ਚਲੇ ਜਾਣ ਦਾ **ਅਹਿਦ** ਕਰਨ ਅਤੇ ਇਸ ਦੇ ਲਈ ਕੋਸ਼ਿਸ਼ ਕਰਨ, ਖ਼ਾਸ ਤੌਰ 'ਤੇ **ਜ਼ਿਕਰਿ ਇਲਾਹੀ** ਅਤੇ ਦੁਆਵਾਂ ਵਿੱਚ ਵਕ਼ਤ ਗੁਜ਼ਾਰਨ। ਜਿੱਥੇ ਆਪਣੇ ਲਈ ਆਪਣੀਆਂ ਨਸਲਾਂ ਦੇ ਲਈ ਦੁਆ ਕਰਨ ਉੱਥੇ **ਜਮਾਅਤ** ਦੀ ਤਰੱਕ਼ੀ ਅਤੇ ਹਰ **ਮੁਖ਼ਾਲਿਫ਼** ਦੇ ਸ਼ਰ ਤੋਂ ਅੱਲਾਹ ਤਆਲਾ ਦੀ ਪਨਾਹ ਵਿੱਚ ਆਉਣ ਅਤੇ ਉਨ੍ਹਾਂ ਦੇ ਸ਼ਰ ਦੇ ਖ਼ਾਤਮੇ ਲਈ ਵੀ ਦੁਆ ਕਰਨ। ਅੱਲਾਹ ਤਆਲਾ ਉਨ੍ਹਾਂ ਦੇ **ਸ਼ਰ** ਤੋਂ ਬਚਾਵੇ।

ਫਿਰ ਦੁਆਇਆ ਤਹਰੀਕ ਕਰਦੇ ਹੋਏ ਹਜ਼ੂਰ ਅਨਵਰ ਨੇ ਫ਼ਰਮਾਇਆ **ਪਾਕਿਸਤਾਨ** ਵਿੱਚ ਆਏ ਦਿਨ ਕੋਈ ਨਾ ਕੋਈ **ਤਕਲੀਫ਼ ਦਿਹ** ਵਾਕ਼ਿਆ ਹੋ ਜਾਂਦਾ ਹੈ, ਅੱਲਾਹ ਤਆਲਾ ਛੇਤੀ ਉਨ੍ਹਾਂ ਮੁਖ਼ਾਲਿਫਾਂ ਦੀ ਪਕੜ ਦੇ ਸਮਾਨ ਕਰੇ। ਅਮੂਮੀ ਤੌਰ 'ਤੇ ਦੁਨਿਆ ਦੇ ਅਮਨ ਦੇ ਲਈ ਵੀ ਦੁਆ ਕਰੋ, ਇਹ ਦੁਨਿਆ ਵਾਲ਼ੇ ਆਪਣੇ ਅਮਲ ਦੀ ਵਜ੍ਹਾ ਨਾਲ਼ ਆਪਣੀ **ਤਬਾਹੀ** ਦੇ ਕ਼ਰੀਬ ਤਰ ਹੁੰਦੇ ਚਲੇ ਜਾ ਰਹੇ ਹਨ। ਅੱਲਾਹ ਤਆਲਾ ਸਾਨੂੰ ਇਸ **ਖ਼ੌਫ਼ਨਾਕ** ਤਬਾਹੀ ਤੋਂ ਬਚਾਵੇ। ਮਿਡਲ ਈਸਟ ਦੇ ਲਈ ਵੀ ਦੁਆ ਕਰੋ, **ਸੈਹੂਨੀ** ਹਕੂਮਤ ਨੇ ਤਾਂ **ਜ਼ੁਲਮ** ਅਤੇ **ਬਰਬਰੀਅਤ** ਦੀ ਇੰਤਿਹਾ ਕਰ ਦਿੱਤੀ। ਲੱਗਦਾ ਹੈ ਕਿ ਉਨ੍ਹਾਂ ਨੂੰ **ਸਫ਼ਹਾਇ ਹਸਤੀ** ਤੋਂ ਹੀ ਮਿਟਾਉਣਾ ਚਾਹੁੰਦੇ ਹਨ। ਮਜ਼ਲੂਮ **ਬੱਚਿਆਂ**, **ਔਰਤਾਂ**, **ਬੁੱਢਿਆਂ** ਅਤੇ **ਬਿਮਾਰਾਂ**, **ਮਾਸੂਮਾਂ** 'ਤੇ ਜ਼ੁਲਮ ਦੀ ਹੱਦ ਹੋ ਗਈ ਹੈ, ਇੱਕ **ਕ਼ਤਲਿ ਆਮ** ਹੋ ਰਿਹਾ ਹੈ ਹਰ ਜਗ੍ਹਾ। ਹੁਣ ਤਾਂ ਕੁੱਝ ਦੁਨਿਆਦਾਰ, ਸਿਆਸਤਦਾਨ ਅਤੇ ਹਕੂਮਤਾਂ ਵੀ ਕੁੱਝ ਆਵਾਜ਼ ਚੁੱਕਣ ਲੱਗ ਗਈਆਂ ਹਨ ਕਿ ਇਹ **ਗ਼ਲਤ** ਹੈ, ਬੰਦ ਕਰੋ ਇਸ ਨੂੰ, ਪਰ ਅਜੇ ਤੱਕ **ਜ਼ਾਲਿਮ ਹਕੂਮਤ** ਸੁਣਨ ਨੂੰ ਤਿਆਰ ਨਹੀਂ ਉਨ੍ਹਾਂ ਦੀਆਂ ਗੱਲਾਂ। **ਦੌਲਤ** ਅਤੇ **ਤਾਕ਼ਤ** ਦੇ ਨਸ਼ੇ ਨੇ ਉਨ੍ਹਾਂ ਨੂੰ, ਅਮਰੀਕਾ ਅਤੇ ਉਸ ਦੇ ਦੋਸਤਾਂ ਨੂੰ **ਹਉਮੈ** ਅਤੇ **ਜ਼ੁਲਮ** ਦੀ ਇੰਤਿਹਾ ਤੱਕ ਪਹੁੰਚਾ ਦਿੱਤਾ ਹੈ। ਮੁਸਲਮਾਨ ਹਕੂਮਤਾਂ ਜਿਹੜੀਆਂ ਹਨ, ਉਹ ਵੀ ਕੁੱਝ ਨਹੀਂ ਕਰ ਰਹੀਆਂ। ਜੇਕਰ ਕੁੱਝ ਨਹੀਂ ਕਰ ਸਕਦੀਆਂ ਤਾਂ ਘੱਟੋ ਘੱਟ ਆਪਣੀਆਂ ਹਾਲਤਾਂ ਨੂੰ ਬਦਲ ਕੇ ਅੱਲਾਹ ਤਆਲਾ ਦੇ ਅੱਗੇ ਹੀ **ਝੁਕਣ** ਤਾਂ ਜੋ ਅੱਲਾਹ ਤਆਲਾ ਹੀ ਉਨ੍ਹਾਂ ਦੀ ਮਦਦ ਨੂੰ ਆਵੇ। ਕਾਸ਼ ਕਿ ਇਨ੍ਹਾਂ ਨੂੰ ਇਹ ਵੀ **ਅਕ਼ਲ** ਆ ਜਾਵੇ। ਇਸੇ ਤਰ੍ਹਾਂ ਮੁਸਲਮਾਨ ਮੁਸਲਮਾਨਾਂ 'ਤੇ ਜ਼ੁਲਮ ਕਰ ਰਹੇ ਹਨ, ਅੱਲਾਹ ਤਆਲਾ ਉਨ੍ਹਾਂ ਨੂੰ ਇਸ ਜ਼ੁਲਮ ਤੋਂ ਰੋਕੇ।

ਅੱਜ ਇਹ ਸਾਡਾ **ਅਹਿਮਦੀਆਂ** ਦਾ ਕੰਮ ਹੈ ਕਿ ਇਨ੍ਹਾਂ ਸਭ **ਜ਼ੁਲਮਾਂ** ਦੇ **ਖ਼ਿਲਾਫ਼**, ਜਿੱਥੇ ਜਿੱਥੇ ਵੱਸ ਚੱਲਦਾ ਹੈ, ਆਵਾਜ਼ ਪਹੁੰਚਾਉਣ ਅਤੇ ਖ਼ਾਸ ਤੌਰ 'ਤੇ **ਦੁਆਵਾਂ** ਕਰਨ ਅਤੇ ਦਰਦਿ ਦਿਲ ਨਾਲ਼ ਦੁਆਵਾਂ ਕਰਨ। ਅੱਲਾਹ ਤਆਲਾ ਇਸ ਦੀ **ਤੌਫ਼ੀਕ਼** ਅਤਾ ਫ਼ਰਮਾਏ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَ نَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَ رَسُوْلُهٗ ۞ عِبَادَ اللّٰهِ رَحِمَكُمُ اللّٰهِ إِنَّ اللّٰهَ يَأْمُرُ بِالْعَدْلِ وَالْإِحْسَانِ وَ إِيْتَآءِ ذِى الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ ۚ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞